ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   05 ਨਵੰਬਰ 2026 ਦਿਨ ਵੀਰਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਗੁਰਦੁਆਰਾ ਨਾਨਕ ਨਿਵਾਸ ਵੱਲੋਂ ਗੁਰਮੋਹ ਗਿੱਲ ਦੇ ਇਲਾਜ ਲਈ 1.25 ਲੱਖ ਡਾਲਰ ਦੀ ਸਹਾਇਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ





ਰਿਚਮੰਡ, 5 ਨਵੰਬਰ : ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ, ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਵਿਖੇ ਤਿੰਨ ਸਾਲਾ ਗੁਰਮੋਹ ਗਿੱਲ ਦੇ ਨਾਮੁਰਾਦ ਰੋਗ ਦੇ ਇਲਾਜ ਲਈ ਖੋਜ ਵਾਸਤੇ ਮਾਲੀ ਸਹਾਇਤਾ ਕਰਨ ਲਈ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸੰਗਤ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਕੱਠੀ ਕੀਤੀ ਗਈ 1,25,000 ਡਾਲਰ ਦੀ ਰਕਮ ਦਾ ਚੈੱਕ ਮੈਕਗਿੱਲ ਯੂਨੀਵਰਸਿਟੀ ਦੇ ਨਿਊਰੋਲੋਜਿਸਟ ਡਾ. ਐਡਵਰਡ ਫੋਨ ਨੂੰ ਭੇਟ ਕੀਤਾ ਗਿਆ।

ਸਮਾਗਮ ਵਿੱਚ ਗੁਰਮੋਹ ਗਿੱਲ ਦੇ ਮਾਪੇ ਡਾ. ਸਟਾਲਿਨਜੀਤ ਸਿੰਘ ਗਿੱਲ ਅਤੇ ਡਾ. ਨਵਪ੍ਰੀਤ ਕੌਰ ਗਿੱਲ, ਦਾਦਾ-ਦਾਦੀ, ਮੈਕਗਿੱਲ ਯੂਨੀਵਰਸਿਟੀ ਦੇ ਦਾਨ ਵਿਭਾਗ ਦੀ ਇੰਚਾਰਜ ਵੈਂਡੀ ਸਕੁਲਿੰਕ, ਬੀ.ਸੀ. ਦੇ ਸਾਬਕਾ ਸਿਹਤ ਮੰਤਰੀ ਰਵੀ ਕਾਹਲੋਂ, ਸੈਨੇਟਰ ਬਲਤੇਜ ਸਿੰਘ ਢਿੱਲੋਂ, ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਟੀ ਦੇ ਚੀਫ਼ ਜੈਨੋਮਿਕ ਅਫ਼ਸਰ ਫੈਡਰਿਕਾ ਡੀ ਪਾਲਮਾ, ਰਿਚਮੰਡ ਦੇ ਐਮ.ਐਲ.ਏ. ਸਟੀਵ ਕੂਨਰ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਸੇਵਾਦਾਰਾਂ ਅਤੇ ਮੀਡੀਆ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੋਹਨ ਸਿੰਘ ਸੰਧੂ ਅਤੇ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਸੁਸਾਇਟੀ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਡਾ. ਐਡਵਰਡ ਫੋਨ ਨੂੰ 1.25 ਲੱਖ ਡਾਲਰ ਦਾ ਚੈੱਕ ਭੇਟ ਕੀਤਾ। ਡਾ. ਫੋਨ ਨੇ ਮੈਕਗਿੱਲ ਯੂਨੀਵਰਸਿਟੀ ਵਿਖੇ ਇਸ ਨਾਮੁਰਾਦ ਬਿਮਾਰੀ ਦੇ ਇਲਾਜ ਲਈ ਚੱਲ ਰਹੀ ਖੋਜ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤ ਵੱਲੋਂ ਦਿੱਤੇ ਵੱਡੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਰਵੀ ਕਾਹਲੋਂ, ਸੈਨੇਟਰ ਬਲਤੇਜ ਸਿੰਘ ਢਿੱਲੋਂ ਅਤੇ ਸਟੀਵ ਕੂਨਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਅੰਤ ਵਿੱਚ ਬਲਵੰਤ ਸਿੰਘ ਸੰਘੇੜਾ ਨੇ ਸਮੂਹ ਮਹਿਮਾਨਾਂ, ਦਾਨੀ ਸੱਜਣਾਂ, ਸੇਵਾਦਾਰਾਂ, ਮੀਡੀਆ ਅਤੇ ਸੰਗਤ ਦਾ ਧੰਨਵਾਦ ਕੀਤਾ।

ਪੀ.ਏ.ਯੂ. ਵਿਚ ਜਾਰੀ ਯੁਵਕ ਮੇਲੇ ਵਿਚ ਲੋਕ ਨਾਚਾਂ ਅਤੇ ਨਾਟ ਵੰਨਗੀਆਂ ਨੇ ਸਮਾਂ ਬੰਨਿਆ

ਯੁਵਕ ਮੇਲੇ ਕਿਸੇ ਕੌਮ ਦੀ ਜਵਾਨੀ ਦਾ ਪ੍ਰਤੀਕ ਹੁੰਦੇ ਹਨ: ਡਾ. ਮੱਖਣ ਸਿੰਘ ਭੁੱਲਰ

ਲੁਧਿਆਣਾ 5 ਨਵੰਬਰ : ਪੀ.ਏ.ਯੂ. ਦੇ ਡਾ. ਅਮਰਜੀਤ ਸਿੰਘ ਖਹਿਰਾ ਓਪਨ ਏਅਰ ਥੀਏਟਰ ਵਿਚ ਜਾਰੀ ਯੁਵਕ ਮੇਲੇ ਦੇ ਦੂਜੇ ਗੇੜ ਦੇ ਦੂਜੇ ਦਿਨ ਅੱਜ ਸਾਰਾ ਦਿਨ ਗਹਿਗੱਚ ਮੁਕਾਬਲੇ ਹੋਏ| ਲੋਕ ਨਾਚਾਂ ਅਤੇ ਨਾਟ ਵੰਨਗੀਆਂ ਨੇ ਦਰਸ਼ਕਾਂ ਨੂੰ ਅਚੰਭਿਤ ਕਰਨ ਦਾ ਕਾਰਜ ਕੀਤਾ| ਅੱਜ ਸਵੇਰੇ ਪ੍ਰਸਨੋਤਰੀ ਮੁਕਾਬਲਾ ਹੋਇਆ ਜਿਸ ਵਿਚ ਸੱਤ ਟੀਮਾਂ ਨੇ ਚਲੰਤ ਵਿਸ਼ਿਆਂ ਸੰਬੰਧੀ ਆਪਣੀ ਮੁਹਾਰਤ ਅਤੇ ਜਾਣਕਾਰੀ ਦਾ ਭਰਪੂਰ ਪ੍ਰਦਰਸ਼ਨ ਕੀਤਾ| ਇਸ ਤੋਂ ਬਾਅਦ ਸਮੂਹ ਲੋਕ ਨਾਚਾਂ ਦੇ ਮੁਕਾਬਲੇ ਅਤੇ ਬਾਅਦ ਦੁਪਹਿਰ ਮਾਈਮ, ਭੰਡ, ਮੋਨੋ ਐਕਟਿੰਗ ਅਤੇ ਇਕਾਂਗੀਆਂ ਦੇ ਪ੍ਰਦਰਸ਼ਨ ਸਮਾਂ ਬੰਨਣ ਵਿਚ ਸਫਲ ਰਹੇ|





ਅੱਜ ਦੇ ਯੁਵਕ ਮੇਲੇ ਦੇ ਸਮਾਗਮਾਂ ਦੇ ਮੁੱਖ ਮਹਿਮਾਨ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਸਨ| ਡਾ. ਭੁੱਲਰ ਨੇ ਇਸ ਮੌਕੇ ਕਿਹਾ ਕਿ ਯੁਵਕ ਮੇਲੇ ਕਿਸੇ ਕੌਮ ਦੀ ਜਵਾਨੀ ਦਾ ਸ਼ੀਸ਼ਾ ਹੁੰਦੇ ਹਨ| ਇਹਨਾਂ ਮੇਲਿਆਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਸਮਾਜ ਦੀ ਉਸਾਰੀ ਦਾ ਸੁਪਨਾ ਸੰਜੋਅ ਕੇ ਸਾਹਮਣੇ ਲਿਆਉਂਦੇ ਹਨ| ਉਹਨਾਂ ਪੀ.ਏ.ਯੂ. ਵੱਲੋਂ ਸੱਭਿਆਚਾਰ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਹਵਾਲਾ ਦਿੰਦਿਆਂ ਆਸ ਪ੍ਰਗਟਾਈ ਕਿ ਆਉਣ ਵਾਲੇ ਦੌਰ ਵਿਚ ਅੱਜ ਦੇ ਵਿਦਿਆਰਥੀ ਵੱਡੇ ਅਦਾਕਾਰ ਬਣ ਕੇ ਸਾਹਮਣੇ ਆਉਣਗੇ|

ਇਸ ਤੋਂ ਇਲਾਵਾ ਅੱਜ ਦੇ ਸਮਾਗਮਾਂ ਵਿਚ ਪਾਮੇਟੀ ਦੇ ਨਿਰਦੇਸ਼ਕ ਡਾ. ਕੇ ਬੀ ਸਿੰਘ, ਬਾਗਬਾਨੀ ਕਾਲਜ ਦੇ ਡੀਨ ਡਾ. ਰਿਸ਼ੀਇੰਦਰਾ ਸਿੰਘ ਗਿੱਲ, ਕਮਿਊਨਟੀ ਸਾਇੰਸ ਕਾਲਜ ਦੇ ਡੀਨ ਡਾ. ਕਿਰਨ ਬੈਂਸ, ਪੀ.ਏ.ਯੂ. ਪ੍ਰਬੰਧਕੀ ਬੋਰਡ ਦੇ ਮੈਂਬਰ ਇੰਜ: ਅਮਰਜੀਤ ਸਿੰਘ ਢਿੱਲੋਂ ਅਤੇ ਪੀ.ਏ.ਯੂ. ਦੇ ਉੱਚ ਅਧਿਕਾਰੀਆਂ ਤੋਂ ਬਿਨਾਂ ਬਹੁਤ ਸਾਰੇ ਅਧਿਆਪਕ ਅਤੇ ਵਿਦਿਆਰਥੀ ਭਰਵੀਂ ਗਿਣਤੀ ਵਿਚ ਮੌਜੂਦ ਸਨ|

ਹਾਜ਼ਰ ਪਤਵੰਤਿਆਂ ਨੇ ਬੀਤੇ ਕੱਲ ਦੇ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡੇ|

ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਕਮਲਜੀਤ ਸਿੰਘ ਸੂਰੀ ਨੇ ਦੱਸਿਆ ਕਿ ਭਲਕੇ ਇਹ ਯੁਵਕ ਮੇਲਾ ਆਪਣੇ ਸਿਖਰ ਤੇ ਪੁੱਜ ਜਾਵੇਗਾ| ਇਸ ਵਿਚ ਵਿਰਾਸਤੀ ਪ੍ਰਸ਼ਨੋਤਰੀ, ਮਮਿੱਕਰੀ, ਸਕਿੱਟ, ਲੰਮੇ ਹੇਕ ਵਾਲੇ ਗੀਤ, ਲੋਕ ਗੀਤ, ਗਿੱਧਾ ਅਤੇ ਭੰਗੜਾ ਦੇ ਮੁਕਾਬਲੇ ਹੋਣਗੇ| ਸਮਾਪਤੀ ਸ਼ੈਸਨ ਦੇ ਮੁੱਖ ਮਹਿਮਾਨ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਹਰਵਿੰਦਰ ਸਿੰਘ ਧਾਲੀਵਾਲ ਹੋਣਗੇ|

PAU ਦੇ ਵਿਦਿਆਰਥੀ ਨੇ ਅੰਤਰਰਾਸ਼ਟਰੀ ਮੱਕੀ ਕਾਨਫਰੰਸ 2026 ਵਿੱਚ 'ਮਨੀਹਾਰ ਬੈਸਟ ਥੀਸਿਸ ਅਵਾਰਡ' ਜਿੱਤਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 5 ਨਵੰਬਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU), ਲੁਧਿਆਣਾ ਦਾ ਮਾਣ ਵਧਾਉਂਦੇ ਹੋਏ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਦੇ ਪੋਸਟ-ਗ੍ਰੈਜੂਏਟ ਵਿਦਿਆਰਥੀ, ਸੰਜੇ ਕੁਮਾਰ ਨੇ ਪਹਿਲੀ ਅੰਤਰਰਾਸ਼ਟਰੀ ਮੱਕੀ ਕਾਨਫਰੰਸ (International Maize Conference) 2026 ਵਿੱਚ ਵੱਕਾਰੀ 'ਮਨੀਹਾਰ ਬੈਸਟ ਥੀਸਿਸ ਅਵਾਰਡ' (M.Sc. ਵਰਗ) ਹਾਸਲ ਕੀਤਾ ਹੈ। ਇਹ ਕਾਨਫਰੰਸ 'ਮੇਜ਼ ਟੈਕਨੋਲੋਜਿਸਟਸ ਐਸੋਸੀਏਸ਼ਨ ਆਫ਼ ਇੰਡੀਆ' (MTAI) ਦੁਆਰਾ 2 ਤੋਂ 4 ਨਵੰਬਰ, 2026 ਤੱਕ ਜੇ.ਡੀ. ਕਨਵੈਨਸ਼ਨ ਸੈਂਟਰ, ਸ਼ਮਸ਼ਾਬਾਦ, ਹੈਦਰਾਬਾਦ ਵਿਖੇ ਆਯੋਜਿਤ ਕੀਤੀ ਗਈ ਸੀ।

ਇਹ ਪੁਰਸਕਾਰ ਕਈ ਉੱਘੀਆਂ ਸ਼ਖਸੀਅਤਾਂ ਦੀ ਮੌਜੂਦਗੀ ਵਿੱਚ ਦਿੱਤਾ ਗਿਆ, ਜਿਨ੍ਹਾਂ ਵਿੱਚ 'ਵਰਲਡ ਫੂਡ ਪ੍ਰਾਈਜ਼' ਜੇਤੂ ਡਾ. ਐਸ. ਕੇ. ਵਸਲ; ਪਦਮ ਭੂਸ਼ਣ ਪੁਰਸਕਾਰ ਪ੍ਰਾਪਤਕਰਤਾ ਅਤੇ ICAR ਦੇ ਸਾਬਕਾ ਡਾਇਰੈਕਟਰ ਜਨਰਲ ਡਾ. ਆਰ. ਐਸ. ਪਰੋਦਾ; ICAR ਦੇ ਡਾਇਰੈਕਟਰ ਜਨਰਲ ਡਾ. ਐਮ. ਐਲ. ਜੱਟ; ਅਤੇ ਡਿਪਟੀ ਡਾਇਰੈਕਟਰ ਜਨਰਲ (ਫਸਲ ਵਿਗਿਆਨ) ਡਾ. ਡੀ. ਕੇ. ਯਾਦਵ ਸ਼ਾਮਲ ਸਨ। ਇਸ ਮੌਕੇ ਮੱਕੀ ਦੇ ਖੇਤਰ ਨਾਲ ਜੁੜੇ ਪ੍ਰਮੁੱਖ ਵਿਗਿਆਨੀ ਅਤੇ ਲਗਭਗ 500 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਤੀਨਿਧੀ ਵੀ ਮੌਜੂਦ ਸਨ। ਸੰਜੇ, ਜੋ ਇਸ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ, ਦੀ ਤਰਫ਼ੋਂ ਇਹ ਪੁਰਸਕਾਰ PAU ਦੇ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਦੇ ਮੁਖੀ ਅਤੇ ਮੱਕੀ ਸੈਕਸ਼ਨ ਦੇ ਇੰਚਾਰਜ, ਡਾ. ਸੁਰਿੰਦਰ ਕੇ. ਸੰਧੂ ਨੇ ਪ੍ਰਾਪਤ ਕੀਤਾ।

ਸੰਜੇ ਨੇ ਮੱਕੀ ਬ੍ਰੀਡਰ ਡਾ. ਰੁਮੇਸ਼ ਰੰਜਨ ਦੀ ਅਗਵਾਈ ਹੇਠ ਆਪਣੀ M.Sc. ਖੋਜ ਕੀਤੀ ਅਤੇ "ਮੱਕੀ ਵਿੱਚ ਪਾਣੀ ਭਰਨ (Waterlogging) ਪ੍ਰਤੀ ਸਹਿਣਸ਼ੀਲਤਾ ਨਾਲ ਜੁੜੇ ਗੁਣਾਂ ਲਈ ਜੀਨੋਮਿਕ ਖੇਤਰਾਂ ਦੀ ਨਿਸ਼ਾਨਦੇਹੀ (Mapping)" ਵਿਸ਼ੇ 'ਤੇ ਆਪਣਾ ਥੀਸਿਸ ਤਿਆਰ ਕੀਤਾ। ਉਨ੍ਹਾਂ ਦੀ ਖੋਜ ਮੱਕੀ ਵਿੱਚ ਪਾਣੀ ਭਰਨ ਪ੍ਰਤੀ ਸਹਿਣਸ਼ੀਲਤਾ ਨਾਲ ਜੁੜੇ ਜੀਨੋਮਿਕ ਖੇਤਰਾਂ ਦੀ ਪਛਾਣ ਕਰਨ 'ਤੇ ਕੇਂਦਰਿਤ ਸੀ, ਜਿਸ ਨਾਲ ਭਵਿੱਖ ਵਿੱਚ ਜਲਵਾਯੂ ਪਰਿਵਰਤਨ ਦਾ ਸਾਹਮਣਾ ਕਰਨ ਦੇ ਯੋਗ (climate-resilient) ਹਾਈਬ੍ਰਿਡ ਕਿਸਮਾਂ ਵਿਕਸਿਤ ਕਰਨ ਵਿੱਚ ਮਦਦ ਮਿਲ ਸਕਦੀ ਹੈ। ਇਹ ਖੋਜ ਨਤੀਜੇ ਪੰਜਾਬ ਵਿੱਚ ਮੱਕੀ ਦੀ ਕਾਸ਼ਤ ਨੂੰ ਮਜ਼ਬੂਤ ਕਰਨ ਅਤੇ ਸੂਬੇ ਵੱਲੋਂ ਝੋਨੇ ਦੀ ਥਾਂ ਮੱਕੀ ਦੀ ਫਸਲ ਅਪਣਾਉਣ (diversification) ਦੇ ਯਤਨਾਂ ਵਿੱਚ ਬਹੁਤ ਮਹੱਤਵਪੂਰਨ ਸਾਬਤ ਹੋ ਸਕਦੇ ਹਨ।

ਇਸ ਪ੍ਰਾਪਤੀ 'ਤੇ ਸੰਜੇ ਅਤੇ ਉਨ੍ਹਾਂ ਦੇ ਖੋਜ ਨਿਰਦੇਸ਼ਕ ਨੂੰ ਵਧਾਈ ਦਿੰਦੇ ਹੋਏ, PAU ਦੇ ਵਾਈਸ-ਚਾਂਸਲਰ ਡਾ. ਹਰਵਿੰਦਰ ਸਿੰਘ ਧਾਲੀਵਾਲ ਅਤੇ ਖੋਜ ਨਿਰਦੇਸ਼ਕ ਡਾ. ਅਜਮੇਰ ਸਿੰਘ ਅਤੇ ਪੌਦਾ ਪ੍ਰਜਨਨ ਅਤੇ ਜੈਨੇਟਿਕਸ ਵਿਭਾਗ ਦੀ ਮੁਖੀ, ਡਾ. ਸੁਰਿੰਦਰ ਕੇ. ਸੰਧੂ ਨੇ ਸੰਜੇ ਦੀ ਲਗਨ ਅਤੇ ਖੋਜ-ਸੰਬੰਧੀ ਸੂਝ-ਬੂਝ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਡਾ. ਰੁਮੇਸ਼ ਰੰਜਨ ਦੁਆਰਾ ਦਿੱਤੀ ਗਈ ਕੀਮਤੀ ਅਗਵਾਈ ਅਤੇ ਸਲਾਹਕਾਰੀ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਸੰਜੇ ਦੇ ਭਵਿੱਖ ਦੇ ਅਕਾਦਮਿਕ ਅਤੇ ਖੋਜ ਕਾਰਜਾਂ ਵਿੱਚ ਉਸਦੀ ਨਿਰੰਤਰ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇੰਡੋ-ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਸਰੀ ਦਾ ਸਾਲਾਨਾ ਲੇਖਾ-ਜੋਖਾ ਸਰਬਸੰਮਤੀ ਨਾਲ ਪ੍ਰਵਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 5 ਨਵੰਬਰ :ਇੰਡੋ -ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਸਰੀ ਦੀ ਸਾਲਾਨਾ ਮੀਟਿੰਗ ਬੀਤੇ ਦਿਨੀਂ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਆਗਾਜ਼ ਵਿਚ ਹਰੀ ਸਿੰਘ ਛੋਕਰ ਨੇ ਪਿਛਲੇ ਸਾਲ ਦੀ ਆਮਦਨ ਅਤੇ ਖਰਚੇ ਦਾ ਵਿਸਥਾਰਪੂਰਵਕ ਲੇਖਾ-ਜੋਖਾ ਪੇਸ਼ ਕੀਤਾ, ਜਿਸ ਨੂੰ ਹਾਜਰ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ।

ਉਪਰੰਤ ਸੁਸਾਇਟੀ ਦੇ ਮੈਂਬਰਾਂ ਵੱਲੋਂ ਆਪੋ-ਆਪਣੇ ਵਿਚਾਰ ਅਤੇ ਸੁਝਾਅ ਪੇਸ਼ ਕੀਤੇ ਗਏ। ਮੈਂਬਰਾਂ ਨੇ ਸੁਸਾਇਟੀ ਦੀਆਂ ਸਰਗਰਮੀਆਂ ਅਤੇ ਭਵਿੱਖੀ ਕਾਰਜ ਯੋਜਨਾਵਾਂ ਸਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਆਪਸੀ ਸਹਿਯੋਗ ਅਤੇ ਮਿਲਵਰਤਣ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਕ੍ਰਿਪਾਲ ਸਿੰਘ ਜੌਹਲ ਅਤੇ ਹਰਚੰਦ ਸਿੰਘ ਗਿੱਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਮੀਟਿੰਗ ਦੇ ਰਸਮੀ ਕਾਰਜਾਂ ਦੀ ਸਮਾਪਤੀ ਉਪਰੰਤ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਛੇ-ਸੱਤ ਬੁਲਾਰਿਆਂ ਅਤੇ ਕਲਾਕਾਰਾਂ ਨੇ ਗੀਤਾਂ, ਗ਼ਜ਼ਲਾਂ ਅਤੇ ਕਵਿਤਾਵਾਂ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਅੰਤ ਵਿਚ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਮੀਟਿੰਗ ਵਿਚ ਸ਼ਾਮਲ ਹੋਏ ਸਮੂਹ ਮੈਂਬਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਡਾ. ਹਰਵਿੰਦਰ ਸਿੰਘ ਭੱਟੀ ਦੀ ਕਿਤਾਬ 'ਚੁਰਾਸੀਨਾਮਾ' ਨੂੰ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਪ੍ਰੋ. ਗੁਰਭਜਨ ਸਿੰਘ ਗਿੱਲ, ਸ. ਰਮੇਸ਼ ਇੰਦਰ ਸਿੰਘ ਤੇ ਸਾਥੀਆਂ ਨੇ ਕੀਤਾ ਪਾਠਕ ਅਰਪਨ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ, 5 ਨਵੰਬਰ : ਪ੍ਰੈਸ ਕਲੱਬ ਚੰਡੀਗੜ੍ਹ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਤੇ ਸਮਾਜਿਕ ਵਿਸ਼ਲੇਸ਼ਣਕਾਰ ਡਾ. ਹਰਵਿੰਦਰ ਸਿੰਘ ਭੱਟੀ ਦੀ ਕਾਵਿ ਪੁਸਤਕ 'ਚੁਰਾਸੀਨਾਮਾ' ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਕੀ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਪੰਜਾਬ ਦੇ ਸਾਬਕਾ ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਪੰਜਾਬੀ ਅਕਾਡਮੀ ਦਿੱਲੀ ਦੇ ਸਾਬਕਾ ਸਕੱਤਰ ਗੁਰਭੇਜ ਸਿੰਘ ਗੁਰਾਇਆ, ਜਗਤਾਰ ਸਿੰਘ ਭੁੱਲਰ, ਦਲਜੀਤ ਸਿੰਘ ਸ਼ਾਹੀ ਤੇ ਆਰਬਾਈਡ ਵਰਲਡ ਚੈਨਲ ਦੇ ਸੰਚਾਲਕ ਦਵਿੰਦਰ ਪਾਲ ਨੇ ਪਾਠਕ ਅਰਪਨ ਕੀਤਾ। ਇਸ ਕਾਵਿ ਕਿਤਾਬ ਨੂੰ ਯੂਨੀਸਟਾਰ ਨੇ ਪ੍ਰਕਾਸ਼ਿਤ ਕੀਤਾ ਹੈ।

ਸਮਾਰੋਹ ਦੇ ਸ਼ੁਰੂ ਵਿਚ ਨਾਮਵਰ ਪੱਤਰਕਾਰ ਤੇ ਲੇਖਕ ਜਗਤਾਰ ਸਿੰਘ ਭੁੱਲਰ ਨੇ ਬੋਲਦਿਆਂ ਕਿਹਾ ਕਿ ਪੰਜਾਬ ਨੇ ਨਾ ਤਾਂ ਉੱਨੀ ਸੌ ਸੰਤਾਲੀ ਮੰਗੀ ਸੀ ਅਤੇ ਨਾ ਹੀ ਉੱਨੀ ਸੌ ਚੁਰਾਸੀ, ਪਰ ਸਿਆਸਤ ਦੀ ਭੁੱਖ ਕਾਰਨ ਸੰਤਾਲੀ ਅਤੇ ਚੁਰਾਸੀ ਨਾਲ ਪੰਜਾਬ ਤੇ ਦਿੱਲੀ ਦੀ ਧਰਤੀ ਲਹੂ ਲੁਹਾਨ ਹੋਈ। ਉਨਾ ਕਿਹਾ ਕਿ 47 ਤੋਂ 84 ਤੱਕ ਪੰਜਾਬ ਨੂੰ ਲੁੱਟਣ ਕੁੱਟਣ ਅਤੇ ਮਾਰਨ ਵਾਲੇ ਕੌਣ ਸਨ? ਅੱਜ ਤੱਕ ਵੀ ਹਨੇਰਾ ਢੋ ਰਹੇ ਹਾਂ। ਲੋਕਾਂ ਨੂੰ ਇਨਸਾਫ ਨਹੀਂ ਮਿਲਿਆ।

ਇਸ ਮੌਕੇ 'ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ 1984 ਦੇ 10 ਨਵੰਬਰ ਦੇ ਨੇੜੇ ਦੀ ਗੱਲ ਕਰਦਿਆਂ ਕਿਹਾ ਕਿ ਜਦੋਂ ਟਰੇਨਾਂ, ਬੱਸਾਂ, ਤੇ ਆਪਣੇ ਵਹੀਕਲਜ਼ ਰਾਹੀਂ ਦਿੱਲੀ,ਕਾਨਪੁਰ ਨੂੰ ਛੱਡ ਕੇ ਲੁਧਿਆਣਾ ਨੂੰ ਸੁਰੱਖਿਅਤ ਸਮਝਦੇ ਹੋਏ ਉਥੋਂ ਉੱਜੜੇ ਲੋਕੀਂ ਪੁੱਜੇ ਸਨ ਤਾਂ ਉਸ ਸਮੇਂ ਉਨ੍ਹਾਂ ਲੋਕਾਂ ਦੇ ਦੁੱਖ ਤਕਲੀਫਾਂ ਅਤੇ ਉਨਾਂ ਵੱਲੋਂ ਹੰਢਾਈ ਪੀੜ ਨੂੰ ਸੁਣਨਾ ਤੇ ਵੇਖਣਾ ਔਖਾ ਸੀ।

ਮੈਂ ਖ਼ੁਦ ਇਹ ਵੀ ਦੁਖਦਾਈ ਪੱਖ ਵੇਖਿਆ ਕਿ ਲੁਧਿਆਣਾ ਵਾਸੀਆਂ ਨੇ ਉੱਜੜੇ ਲੋਕਾਂ ਦਾ ਦਰਦ ਵੰਡਾਉਣ ਦੀ ਥਾਂ ਮਕਾਨਾਂ, ਪਲਾਟਾਂ ਤੇ ਦੁਕਾਨਾਂ ਦੇ ਭਾਅ ਰਾਤੋ ਰਾਤ ਦੁਗਣੇ ਤਿਗਣੇ ਕਰ ਦਿੱਤੇ। ਸਕੂਲਾਂ ਵਾਲਿਆਂ ਨੇ ਉੱਜੜੇ ਭਰਾਵਾਂ ਦੀ ਸਾਰ ਲੈਣ ਦੀ ਥਾਂ ਉਨ੍ਹਾਂ ਦੇ ਬੱਚਿਆਂ ਨੂੰ ਦਾਖ਼ਲ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਵੇਲੇ ਦਰਦਮੰਦ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਜੀਤ ਸਿੰਘ ਜੀ ਨੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਲੁਧਿਆਣਾ ਦੀ ਇੱਕ ਨੁੱਕਰੇ ਜੀ ਜੀ ਐੱਨ ਪਬਲਿਕ ਸਕੂਲ ਸ਼ੁਰੂ ਕੀਤਾ। ਇਸ ਤਰ੍ਹਾਂ ਉਨ੍ਹਾਂ ਸਿੱਖ ਪਰਿਵਾਰਾਂ ਨੂੰ ਵਸਾਉਣ ਵਿੱਚ ਵੀ ਮਦਦ ਕੀਤੀ ਗਈ।

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਰਮੇਸ਼ ਇੰਦਰ ਸਿੰਘ, ਅਮਰੀਕਾ ਵੱਸਦੇ ਫਿਲਮ ਅਦਾਕਾਰ ਤੇ ਮਹਾਂਭਾਰਤ ਸੀਰੀਅਲ ਦੇ ਧ੍ਰਿਤ ਰਾਸ਼ਟਰ ਸ਼੍ਰੀ ਗਿਰਜਾ ਸ਼ੰਕਰ, ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਦੇ ਸੇਵਾਮੁਕਤ ਪ੍ਰੋਫੈਸਰ ਡਾ. ਗੁਰਿੰਦਰ ਸਿੰਘ ਮਾਨ, ਹੁਣ ਮੈਗਜ਼ੀਨ ਦੇ ਸੰਪਾਦਕ ਸੁਸ਼ੀਲ ਦੋਸਾਂਝ,ਪੰਜਾਬੀ ਲੇਖਕ ਦਲਜੀਤ ਸ਼ਾਹੀ ਐਡਵੋਕੇਟ ਸਮਰਾਲਾ, ਗੁਰਭੇਜ ਸਿੰਘ ਗੁਰਾਇਆ ਨੇ ਵੀ ਸੰਬੋਧਨ ਕੀਤਾ।

ਕਾਵਿ ਕਿਤਾਬ "ਚੁਰਾਸੀਨਾਮਾ " ਦੇ ਲੇਖਕ ਪ੍ਰੋ. ਹਰਵਿੰਦਰ ਸਿੰਘ ਭੱਟੀ ਨੇ ਕਿਹਾ ਕਿ ਭੀੜ ਤੰਤਰ ਵਿੱਚ ਇਨਸਾਨ ਕਦੋਂ ਸ਼ੈਤਾਨ ਬਣਦਾ ਹੈ , ਪਤਾ ਵੀ ਨਹੀਂ ਲੱਗਦਾ। ਦੇਸ਼ ਵੰਡ ਵੇਲੇ 1947 ਵਿੱਚ ਅਤੇ ਦਿੱਲੀ ਕਤਲੇਆਮ ਵੇਲੇ ਵੀ ਇਹੀ ਕੁਝ ਹੋਇਆ। ਦਿੱਲੀ ਵਿੱਚ ਤਾਂ ਜਿਨਾਂ ਨੇ ਸਿੱਖਾਂ ਦਾ ਕਤਲੇਆਮ ਕੀਤਾ ਉਹ ਹੀ ਬਾਅਦ ਵਿੱਚ ਬਚੇ ਸਿੱਖਾਂ ਨੂੰ ਹੌਂਸਲਾ ਦੇਣ ਆ ਗਏ।

ਗੁਰਭੇਜ ਗੁਰਾਇਆ ਨੇ ਦੱਸਿਆ ਕਿ ਡਾ. ਹਰਵਿੰਦਰ ਸਿੰਘ ਭੱਟੀ ਦਾ ਨਿੱਕਾ ਵੀਰ ਵੀ ਇਸ ਕਤਲੇਆਮ ਵਿੱਚ ਮਾਰਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਡਾ. ਭੱਟੀ ਨੇ ਵਿਦਿਆਰਥੀ ਆਗੂ, ਅਧਿਆਪਕ ਆਗੂ ਬਣਨ ਉਪਰੰਤ ਪੰਜਾਬੀ ਯੂਨੀਵਰਸਿਟੀ ਵਿੱਚ ਸਮਾਜ ਵਿਗਿਆਨ ਦੇ ਪ੍ਰੋਫੈਸਰ ਵਜੋਂ ਲਗਭਗ 35 ਸਾਲ ਅਧਿਆਪਨ ,ਖੋਜ ,ਪ੍ਰਸ਼ਾਸਨ ਨਾਲ ਸਬੰਧਿਤ ਜਿੰਮੇਵਾਰੀਆਂ ਨਿਭਾਈਆਂ।

ਇਸ ਮੌਕੇ ਯੂਨੀਸਟਾਰ ਪ੍ਰਕਾਸ਼ਨ ਘਰ ਦੇ ਮਾਲਕ ਹਰੀਸ਼ ਜੈਨ ,ਪੰਜਾਬ ਦੇ ਸਾਬਕਾ ਮੁੱਖ ਸਕੱਤਰ ਸੁਰੇਸ਼ ਕੁਮਾਰ , ਸਾਬਕਾ ਡੀ ਜੀ ਪੀ ਪੰਜਾਬ ਸ. ਸਰਬਦੀਪ ਸਿੰਘ ਵਿਰਕ, ਸਿਰਕੱਢ ਪੱਤਰਕਾਰ ਬਲਜੀਤ ਬੱਲੀ, ਸਰਬਜੀਤ ਧਾਲੀਵਾਲ, ਰਾਜਿੰਦਰ ਸਿੰਘ ਤੱਗੜ, ਅਜਾਇਬ ਸਿੰਘ ਔਜਲਾ, ਸੁਰਜੀਤ ਵਿਸ਼ਾਦ ਸਮਰਾਲਾ, ਅਗਾਂਹਵਧੂ ਕਿਸਾਨ ਸ਼੍ਰੀ ਦਮਨ ਸ਼ਰਮਾ ਲੁਧਿਆਣਾ , ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ, ਸਾਬਕਾ ਏ ਆਈ ਜੀ ਹਰਪ੍ਰੀਤ ਸਿੰਘ ਸੰਧੂ , ਸੁਖਦੇਵ ਸਿੰਘ ਵਿਰਕ,ਰਤਨ ਸਿੰਘ ਬਰਾੜ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੀਨੀਅਰ ਆਗੂ ਰਹੇ ਇੰਜ. ਸਰਬਜੀਤ ਸਿੰਘ ਸੋਹਲ, ਸਪੋਕਸਮੈਨ ਅਖ਼ਬਾਰ ਦੀ ਸੰਪਾਦਕ ਕਮਲ ਦੁਸਾਂਝ, ਪੰਜਾਬੀ ਟ੍ਰਿਊਨ ਦੇ ਸਹਾਇਕ ਸੰਪਾਦਕ ਜਸਬੀਰ ਸਮਰ, ਗੁਰੂ ਗੋਬਿੰਦ ਸਿੰਘ ਕਾਲਿਜ ਚੰਡੀਗੜ੍ਹ ਦੇ ਸਾਬਕਾ ਪ੍ਰਿੰਸੀਪਲ ਡਾ. ਕੁਲਦੀਪ ਸਿੰਘ, ਪੰਜਾਬੀ ਚਿੰਤਕ ਤੇ ਉੱਘੇ ਨਾਵਲਕਾਰ ਪ੍ਰੋ. ਸੰਤੋਖ ਸਿੰਘ ਔਜਲਾ, ਡਾ. ਗੁਰਪ੍ਰੀਤ ਸਿੰਘ ਲਹਿਲ, ਦੂਰਦਰਸ਼ਨ ਦੇ ਸੇਵਾ ਮੁਕਤ ਨਿਊਜ ਐਡੀਟਰ ਹਰਬੰਸ ਸੋਢੀ, ਜ਼ੋਰਾ ਸਿੰਘ, ਦਵਿੰਦਰ ਦਵੀ ਆਦਿ ਬਖਸ਼ੀਅਤਾਂ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਸਮਾਰੋਹ ਦਾ ਸੰਚਾਲਨ ਸ. ਗੁਰਭੇਜ ਸਿੰਘ ਗੁਰਾਇਆ (ਦਿੱਲੀ) ਨੇ ਬੜੇ ਸੰਕੋਚਵੇਂ ਪਰ ਅਰਥ ਭਰਪੂਰ ਅੰਦਾਜ਼ ਵਿੱਚ ਕੀਤਾ।

ਗ਼ਜ਼ਲ

ਗੁਰੂ ਨਾਨਕ ਦੀ ਰਸਨਾ ਵਿਚਲਾ ਪ੍ਰਥਮ ਨੂਰ- ਝਲਕਾਰਾ।
ਕੁੱਲ ਧਰਤੀ ਤੇ ਨੂਰੀ ਚਾਨਣ , ਇੱਕ-ਓਂਕਾਰ ਪਿਆਰਾ।

ਏਕੇ ਦਾ ਪ੍ਰਕਾਸ਼ ਨਿਰੰਤਰ ਕਣ ਕਣ ਬੋਲ ਉਚਰਿਆ,
ਬਹੁ- ਅਵਤਾਰੀ ਭਰਮ ਜਾਲ਼ ਤੋਂ ਮੁਕਤ ਕਰੇ ਸੰਸਾਰਾ।


ਚਹੁਦਿਸ ਗਿਆਨ ਦੀ ਜੋਤਿ ਜਗਾ ਕੇ, ਕੂੜ ਹਨ੍ਹੇਰ ਮਿਟਾਵੇ,
ਸਗਲ- ਧਰਮ ਸੰਗ ਕਰੇ ਗੁਫ਼ਤਗੂ , ਤ੍ਰਿਪਤਾ- ਮਾਤ ਦੁਲਾਰਾ।

ਕਿਰਤ ਕਰਦਿਆਂ ਨਾਮ ਜਪਦਿਆਂ,ਵੰਡਣਾ ਕਦੇ ਨਾ ਭੁੱਲਿਆ,
ਰਾਵੀ ਕੰਢਾ ਅੱਜ ਵੀ ਦੱਸਦਾ, ਗੁਰ ਦਾ ਸ਼ਬਦ ਪਿਆਰਾ। ।

ਵਲੀ ਕੰਧਾਰੀ ਹੋਇਆ ਕਾਬਜ਼, ਹਰ ਸੋਮੇ. ਹਰ ਥਾਂ ਤੇ,
ਕੁਰਸੀ ਨਾਲ ਗਿਟਮਿਟਾਂ ਕਰਕੇ ਮੱਲਿਆ ਵਤਨ ਹਮਾਰਾ।

ਮਰਦਾਨੇ ਕੇ ਅੱਜ ਕੱਲ੍ਹ ਜਾਂਦੇ ਕਰਨ ਦਿਹਾੜੀ ਮੰਡੀ,
ਬੇਕਦਰੇ ਸੁਰ ਤਾਲ ਦਾ ਮੌਸਮ ਔਖਾ ਬਹੁਤ ਗੁਜ਼ਾਰਾ।

ਸੁਰਤੀ ਬਿਰਤੀ ਖਿੱਲਰੀ ਬਾਬਾ, ਕਿਰਤੀ ਕਿੱਧਰ ਜਾਵੇ,
ਨੀਵਿਆਂ ਦੇ ਸੰਗ ਤੂੰ ਹੀ ਤੂੰ ਸੀ, ਤੁਧ ਬਿਨ ਕੌਣ ਸਹਾਰਾ।



ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿੱਚ ਸੰਗੀਤਕ ਗਤੀਵਿਧੀ ਦਾ ਆਯੋਜਨ

ਸੁਰਾਂ ਅਤੇ ਤਾਲਾਂ ਨਾਲ ਵਿਦਿਆਰਥੀਆਂ ਨੇ ਦਿਖਾਈ ਆਪਣੀ ਪ੍ਰਤਿਭਾ

ਸੰਗੀਤ ਦੀਆਂ ਮਿੱਠੀਆਂ ਧੁਨਾਂ ਨਾਲ ਗੂੰਜਿਆ ਸਕੂਲ ਦਾ ਵਿਹੜਾ, ਬੱਚਿਆਂ ਨੇ ਉਤਸ਼ਾਹ ਨਾਲ ਲਿਆ ਭਾਗ

ਆਤਮ-ਵਿਸ਼ਵਾਸ ਅਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨਾ ਰਿਹਾ ਮੁੱਖ ਉਦੇਸ਼

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 5 ਨਵੰਬਰ : ਇੰਟਰਨੈਸ਼ਨਲ ਮਿਲੇਨੀਅਮ ਸਕੂਲ, ਕੋਟਕਪੂਰਾ ਵਿਖੇ ਵਿਦਿਆਰਥੀਆਂ ਦੀ ਸੰਗੀਤਕ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਵਿੱਚ ਸੰਗੀਤ ਪ੍ਰਤੀ ਰੁਚੀ ਪੈਦਾ ਕਰਨ ਦੇ ਉਦੇਸ਼ ਨਾਲ ਵਿਸ਼ੇਸ਼ ਸੰਗੀਤਕ ਗਤੀਵਿਧੀ ਕਰਵਾਈ ਗਈ। ਇਸ ਗਤੀਵਿਧੀ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲੈਂਦਿਆਂ ਆਪਣੀ ਕਲਾ, ਰਚਨਾਤਮਕਤਾ ਅਤੇ ਸੰਗੀਤਕ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੱਚਿਆਂ ਦੀਆਂ ਮਿੱਠੀਆਂ ਸੰਗੀਤਕ ਪੇਸ਼ਕਾਰੀਆਂ ਨੇ ਪੂਰੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਗਤੀਵਿਧੀ ਦੌਰਾਨ ਵਿਦਿਆਰਥੀਆਂ ਨੇ ਸੰਗੀਤ ਦੇ ਵੱਖ-ਵੱਖ ਸੁਰਾਂ, ਤਾਲਾਂ ਅਤੇ ਮਧੁਰ ਧੁਨਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਬੱਚਿਆਂ ਨੇ ਆਪਣੀਆਂ ਪੇਸ਼ਕਾਰੀਆਂ ਵਿੱਚ ਲੈਅ, ਤਾਲ ਅਤੇ ਸੁਰਾਂ ਦਾ ਸੁੰਦਰ ਤਾਲਮੇਲ ਦਿਖਾਉਂਦਿਆਂ ਇਹ ਸਾਬਤ ਕੀਤਾ ਕਿ ਉਨ੍ਹਾਂ ਵਿੱਚ ਸੰਗੀਤ ਨੂੰ ਸਮਝਣ ਅਤੇ ਸਿੱਖਣ ਦੀ ਭਰਪੂਰ ਸਮਰੱਥਾ ਹੈ। ਇਸ ਦੌਰਾਨ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਉਤਸ਼ਾਹ ਅਤੇ ਆਤਮ-ਵਿਸ਼ਵਾਸ ਸਾਫ਼ ਦਿਖਾਈ ਦੇ ਰਿਹਾ ਸੀ। ਸਕੂਲ ਵਿੱਚ ਅਜਿਹੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਿਤਾਬੀ ਸਿੱਖਿਆ ਦੇ ਨਾਲ-ਨਾਲ ਕਲਾ ਅਤੇ ਸੱਭਿਆਚਾਰਕ ਗਤੀਵਿਧੀਆਂ ਨਾਲ ਜੋੜਨਾ ਹੈ, ਤਾਂ ਜੋ ਉਨ੍ਹਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਸੰਗੀਤ ਬੱਚਿਆਂ ਦੀ ਕਲਪਨਾਸ਼ਕਤੀ, ਇਕਾਗਰਤਾ, ਯਾਦਦਾਸ਼ਤ ਅਤੇ ਭਾਵਨਾਵਾਂ ਦੇ ਪ੍ਰਗਟਾਵੇ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਇਲਾਵਾ ਮੰਚ 'ਤੇ ਆਪਣੀ ਪ੍ਰਤਿਭਾ ਪੇਸ਼ ਕਰਨ ਨਾਲ ਬੱਚਿਆਂ ਵਿੱਚ ਆਤਮ-ਵਿਸ਼ਵਾਸ ਵਧਦਾ ਹੈ ਅਤੇ ਉਹ ਬਿਨਾਂ ਕਿਸੇ ਝਿਜਕ ਦੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨਾ ਸਿੱਖਦੇ ਹਨ। ਇਸ ਮੌਕੇ ਵਿਦਿਆਰਥੀਆਂ ਨੂੰ ਸੰਗੀਤ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਸੰਗੀਤ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਦਿਲ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ, ਮਨ ਨੂੰ ਖੁਸ਼ ਰੱਖਣ ਅਤੇ ਜੀਵਨ ਵਿੱਚ ਸਕਾਰਾਤਮਕਤਾ ਲਿਆਉਣ ਦਾ ਇੱਕ ਸੁੰਦਰ ਮਾਧਿਅਮ ਹੈ। ਸੰਗੀਤ ਰਾਹੀਂ ਬੱਚੇ ਅਨੁਸ਼ਾਸਨ, ਸਬਰ, ਆਪਸੀ ਤਾਲਮੇਲ ਅਤੇ ਮਿਲ ਕੇ ਕੰਮ ਕਰਨ ਦੀ ਭਾਵਨਾ ਵੀ ਸਿੱਖਦੇ ਹਨ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਵਿਦਿਆਰਥੀਆਂ ਦੀ ਛੁਪੀ ਹੋਈ ਪ੍ਰਤਿਭਾ ਨੂੰ ਪਛਾਣਨ ਅਤੇ ਉਸ ਨੂੰ ਉਚਿਤ ਮੰਚ ਪ੍ਰਦਾਨ ਕਰਨ ਲਈ ਭਵਿੱਖ ਵਿੱਚ ਵੀ ਅਜਿਹੀਆਂ ਰਚਨਾਤਮਕ ਅਤੇ ਸੱਭਿਆਚਾਰਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਰਹਿਣਗੀਆਂ, ਤਾਂ ਜੋ ਬੱਚੇ ਪੜ੍ਹਾਈ ਦੇ ਨਾਲ-ਨਾਲ ਆਪਣੀ ਰੁਚੀ ਦੇ ਖੇਤਰ ਵਿੱਚ ਵੀ ਅੱਗੇ ਵਧ ਸਕਣ। ਇਹ ਗਤੀਵਿਧੀ ਵਿਦਿਆਰਥੀਆਂ ਲਈ ਮਨੋਰੰਜਨ ਦੇ ਨਾਲ-ਨਾਲ ਸਿੱਖਣ ਦਾ ਇੱਕ ਯਾਦਗਾਰੀ ਅਨੁਭਵ ਵੀ ਰਹੀ।

ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਪ੍ਰਬੰਧ ਸਬੰਧੀ ਕੀਤਾ ਜਾ ਰਿਹਾ ਜਾਗਰੂਕਤਾ: ਮੁੱਖ ਖੇਤੀਬਾੜੀ ਅਫਸਰ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 5 ਨਵੰਬਰ:ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾਂ—ਨਿਰਦੇਸ਼ਾਂ ਅਨੁਸਾਰ ਮੁੱਖ ਖੇਤੀਬਾੜੀ ਅਫਸਰ ਡਾ. ਦਾਰਾ ਸਿੰਘ ਦੀ ਯੋਗ ਅਗਵਾਈ ਹੇਠ ਜਿਲ੍ਹਾ ਪਟਿਆਲਾ ਦੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਮੁੱਖ ਖੇਤੀਬਾੜੀ ਅਫਸਰ ਡਾ. ਦਾਰਾ ਸਿੰਘ ਨੇ ਦਸਿਆ ਕਿ ਪੰਜਾਬ ਸਰਕਾਰ ਵੱਲੋਂ ਅਤੇ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਗਰੂਕਤਾ ਕੈਂਪ ਅਤੇ ਨੁੱਕੜ ਮੀਟਿੰਗਾਂ ਰਾਹੀਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਹਨਾਂ ਕੈਂਪਾਂ ਵਿਚ ਅਗਾਂਹਵਧੂ ਕਿਸਾਨ ਦੂਜੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਗਰੂਕ ਕਰ ਰਹੇ ਹਨ। ਉਹਨਾਂ ਦਸਿਆ ਕਿ ਇਹਨਾਂ ਕੈਂਪਾਂ ਤੋਂ ਇਲਾਵਾ ਜਿਲ੍ਹੇ ਵਿਚ ਸਕੂਲਾਂ ਦੇ ਬੱਚਿਆਂ ਨੂੰ ਪਰਾਲੀ ਨਾ ਸਾੜਣ ਸਬੰਧੀ ਪੋਸਟਰ, ਭਾਸ਼ਣ ਅਤੇ ਸਲੋਗਨ ਪ੍ਰਤੀਯੋਗਤਾਵਾਂ ਮੁਕਾਬਲੇ ਕਰਵਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਹਰੇਕ ਪਿੰਡ ਵਿਚ ਪਰਾਲੀ ਪ੍ਰਬੰਧਨ ਸਬੰਧੀ ਵਾਲ ਪੇਂਟਿੰਗਜ ਕੀਤੀਆਂ ਗਈਆਂ ਹਨ ਅਤੇ ਕਿਸਾਨਾਂ ਨੂੰ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਲਿਟਰੇਚਰ ਵੰਡ ਕੇ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਮੁੱਖ ਖੇਤੀਬਾੜੀ ਅਫਸਰ ਪਟਿਆਲਾ ਵੱਲੋਂ ਜਿਲ੍ਹਾ ਪਟਿਆਲਾ ਦੇ ਲੰਗ, ਚਲੇਲਾ ਅਤੇ ਰੋਹੜ ਪਿੰਡਾਂ ਦਾ ਦੌਰਾ ਕੀਤਾ ਗਿਆ। ਉਹਨਾਂ ਦਸਿਆ ਕਿ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਪੂਰਨ ਸਹਿਯੋਗ ਕੀਤਾ ਜਾ ਰਿਹਾ ਹੈ। ਥਘ੍ਤਜਵਚ ਵਿਧੀ ਨਾਲ ਪਰਾਲੀ ਨੂੰ ਖੇਤਾਂ ਵਿਚੋਂ ਬੇਲਰ ਰਾਹੀਂ ਗੰਢਾਂ ਬਣਾਕੇ ਖੇਤਾਂ ਵਿਚੋਂ ਬਾਹਰ ਕੱਢ ਕੇ ਵੱਖ—ਵੱਖ ਮਕਸਦ ਲਈ ਵਰਤਿਆ ਜਾ ਰਿਹਾ ਹੈ। ਇਸ ਦੇ ਨਾਲ ਡਾ. ਦਾਰਾ ਸਿੰਘ ਨੇ ਦਸਿਆ ਕਿ ਜਿਹਨਾਂ ਕਿਸਾਨਾਂ ਵੱਲੋਂ ਆਲੂ ਦੀ ਫਸਲ ਦੀ ਬਿਜਾਈ ਕੀਤੀ ਜਾ ਰਹੀ ਹੈ, ਉਹਨਾਂ ਵੱਲੋਂ ਮਲਚਰ, ਪਲਟਾਵੇ ਹਲ ਅਤੇ ਰੋਟਾਵੇਟਰ ਵਰਤ ਕੇ ਪਰਾਲੀ ਨੂੰ ਖੇਤਾਂ ਵਿਚ ਹੀ ਮਿਲਾ ਕੇ ਪਰਾਲੀ ਪ੍ਰਬੰਧਨ ਕੀਤਾ ਜਾ ਰਿਹਾ ਹੈ। ਪਰਾਲੀ ਨੂੰ ਖੇਤਾਂ ਵਿਚ ਵਾਹੁਣ ਨਾਲ ਜਿਥੇ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਉਥੇ ਵਾਤਾਵਰਣ ਵੀ ਸਾਫ ਰਹਿੰਦਾ ਹੈ।

ਪੀ.ਏ.ਯੂ. ਕਿਸਾਨ ਕਲੱਬ ਵੱਲੋਂ ਕਿਸਾਨਾਂ ਲਈ ਸਿਖਲਾਈ ਕੈਂਪ ਲਗਾਇਆ ਗਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 5 ਨਵੰਬਰ : ਪੀ.ਏ.ਯੂ. ਦੇ ਕਿਸਾਨ ਕਲੱਬ ਵੱਲੋਂ ਅੱਜ ਡਾ. ਖੇਮ ਸਿੰਘ ਗਿੱਲ ਕਿਸਾਨ ਸੇਵਾ ਕੇਂਦਰ ਵਿਖੇ ਮਹੀਨਾਵਾਰ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਲਗਭਗ 75 ਕਿਸਾਨਾਂ ਨੇ ਭਾਗ ਲਿਆ।

ਕੈਂਪ ਦੀ ਸ਼ੁਰੂਆਤ ਕਰਦਿਆਂ ਕਿਸਾਨ ਕਲੱਬ ਦੇ ਪ੍ਰਧਾਨ ਸ. ਮਨਪ੍ਰੀਤ ਸਿੰਘ ਗਰੇਵਾਲ ਨੇ ਭਾਗ ਲੈਣ ਵਾਲੇ ਕਿਸਾਨਾਂ ਦਾ ਸਵਾਗਤ ਕੀਤਾ ਅਤੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਮਾਹਿਰਾਂ ਵੱਲੋਂ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਰਵਿੰਦਰ ਚੰਦੀ, ਕੀਟ ਵਿਗਿਆਨ ਵਿਭਾਗ ਨੇ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਬੀਜ ਸੋਧ ਅਤੇ ਕੀਟ ਪ੍ਰਬੰਧਨ ਬਾਰੇ ਦੱਸਿਆ। ਫ਼ਸਲ ਵਿਗਿਆਨੀ ਡਾ. ਤਰੁਨਦੀਪ ਕੌਰ ਨੇ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਨਦੀਨਾਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ। ਸਬਜ਼ੀ ਵਿਗਿਆਨੀ ਡਾ. ਰੂਮਾ ਦੇਵੀ ਨੇ ਲੋਅ ਟਨਲ ਰਾਹੀਂ ਸਬਜ਼ੀਆਂ ਦੀ ਕਾਸ਼ਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸੇ ਤਰ੍ਹਾਂ ਡਾ. ਨਿਸ਼ਾ, ਜੀਵ ਵਿਗਿਆਨ ਵਿਭਾਗ ਨੇ ਖੇਤੀਬਾੜੀ ਵਿੱਚ ਪੰਛੀਆਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਇਸ ਤੋਂ ਇਲਾਵਾ ਸ੍ਰੀ ਸੁਸ਼ਾਂਤ ਗੁਪਤਾ, ਨੇ ਕਿਸਾਨ ਦੋਸਤ ਐਪ ਦੀਆਂ ਵਿਸ਼ੇਸ਼ਤਾਵਾਂ, ਲਾਭਾਂ ਅਤੇ ਇਸ ਦੀ ਵਿਹਾਰਕ ਵਰਤੋਂ ਬਾਰੇ ਜਾਣਕਾਰੀ ਦਿੱਤੀ।

ਕੈਂਪ ਦੇ ਅੰਤ ਵਿੱਚ ਡਾ. ਲਵਲੀਸ਼ ਗਰਗ ਨੇ ਧੰਨਵਾਦ ਦੇ ਸ਼ਬਦ ਕਹੇ ਅਤੇ ਕਿਸਾਨਾਂ ਨੂੰ ਅਜਿਹੇ ਸਿਖਲਾਈ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ।

ਇਸ ਕੈਂਪ ਦਾ ਤਾਲਮੇਲ ਸ੍ਰੀ ਵਰਿੰਦਰ ਸਿੰਘ, ਕੈਰੋਂ ਕਿਸਾਨ ਘਰ ਵੱਲੋਂ ਕੀਤਾ ਗਿਆ।

ਖੁਰਾਕ ਸੁਰੱਖਿਆ ਵਿਭਾਗ ਪਟਿਆਲਾ ਵੱਲੋਂ ਖਾਣ-ਪੀਣ ਦੀਆਂ ਮਿਆਰੀ ਵਸਤਾਂ ਪ੍ਰਦਾਨ ਕਰਨ ਲਈ ਨਿਰੀਖਣ ਮੁਹਿੰਮ ਤੇਜ਼; ਇੱਕ ਲਾਇਸੰਸ ਮੁਅੱਤਲ, ਦੋ ਸੁਧਾਰ ਨੋਟਿਸ ਅਤੇ ਦੋ ਚਲਾਨ ਜਾਰੀ

ਵਰਲਡ ਪੰਜਾਬੀ ਟਾਈਮਜ਼



ਨਾਭਾ, ਪਟਿਆਲਾ, 5 ਨਵੰਬਰ:ਖੁਰਾਕ ਸੁਰੱਖਿਆ ਟੀਮ, ਪਟਿਆਲਾ ਨੇ ਲੋਕਾਂ ਨੂੰ ਸੁਰੱਖਿਅਤ ਅਤੇ ਸਾਫ਼-ਸੁਥਰੇ ਖੁਰਾਕ ਪਦਾਰਥਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ 4 ਅਤੇ 5 ਨਵੰਬਰ ਨੂੰ ਆਪਣੀ ਨਿਰੀਖਣ ਅਤੇ ਕਾਰਵਾਈ ਮੁਹਿੰਮ ਜਾਰੀ ਰੱਖੀ।

ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ, ਨਾਭਾ ਸਥਿਤ 'ਪੁਰੀ ਬੇਕਰੀ' ਦਾ ਲਾਇਸੰਸ ਮੁਅੱਤਲ ਕਰ ਦਿੱਤਾ ਗਿਆ, ਕਿਉਂਕਿ ਉੱਥੇ ਸਾਫ਼-ਸਫ਼ਾਈ ਦੀ ਘਾਟ ਅਤੇ ਗੈਰ-ਸਿਹਤਮੰਦ ਹਾਲਾਤ ਪਾਏ ਗਏ ਸਨ। ਇਸ ਤੋਂ ਇਲਾਵਾ, ਖੁਰਾਕ ਕਾਰੋਬਾਰੀਆਂ ਨੂੰ ਨਿਰਧਾਰਤ ਖੁਰਾਕ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਵਿੱਚ ਕਮੀਆਂ ਹੋਣ ਕਾਰਨ ਦੋ 'ਸੁਧਾਰ ਨੋਟਿਸ' ਜਾਰੀ ਕੀਤੇ ਗਏ। ਸਾਫ਼-ਸਫ਼ਾਈ ਦੀ ਘਾਟ ਕਾਰਨ ਦੋ ਚਲਾਨ ਵੀ ਕੱਟੇ ਗਏ—ਇੱਕ ਨਾਭਾ ਦੀ 'ਪੁਰੀ ਬੇਕਰੀ' ਵਿਰੁੱਧ ਅਤੇ ਦੂਜਾ ਨਾਭਾ ਦੀ ਹੀ 'ਅੰਨਪੂਰਨਾ ਬੇਕਰਜ਼' ਵਿਰੁੱਧ।

ਉਨ੍ਹਾਂ ਦੱਸਿਆ ਕਿ ਕਾਰਵਾਈ ਦੇ ਨਾਲ-ਨਾਲ, ਖੁਰਾਕ ਸੁਰੱਖਿਆ ਟੀਮ ਨੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਨਮੂਨੇ (ਸੈਂਪਲ) ਲੈਣ ਦੀ ਮੁਹਿੰਮ ਵੀ ਚਲਾਈ। ਦੇਵੀਗੜ੍ਹ, ਸਨੌਰ, ਪਟਿਆਲਾ ਦਿਹਾਤੀ, ਸਮਾਣਾ, ਪਾਤੜਾਂ ਅਤੇ ਨਾਭਾ ਖੇਤਰਾਂ ਤੋਂ ਕੁੱਲ 11 ਖੁਰਾਕੀ ਨਮੂਨੇ ਇਕੱਠੇ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਨਮੂਨਿਆਂ ਵਿੱਚ ਦੇਵੀਗੜ੍ਹ, ਸਨੌਰ ਅਤੇ ਪਟਿਆਲਾ ਦਿਹਾਤੀ ਖੇਤਰਾਂ ਤੋਂ ਖੋਏ ਦੇ ਦੋ ਨਮੂਨੇ, ਪਨੀਰ ਦੇ ਦੋ ਨਮੂਨੇ ਅਤੇ ਚਾਂਦੀ ਦੇ ਵਰਕ ਦਾ ਇੱਕ ਨਮੂਨਾ ਸ਼ਾਮਲ ਸੀ; ਜਦਕਿ ਸਮਾਣਾ ਅਤੇ ਪਾਤੜਾਂ ਖੇਤਰਾਂ ਤੋਂ ਖੋਏ ਦੇ ਦੋ ਨਮੂਨੇ, ਪਨੀਰ ਦੇ ਦੋ ਨਮੂਨੇ ਅਤੇ ਚਾਂਦੀ ਦੇ ਵਰਕ ਦਾ ਇੱਕ ਨਮੂਨਾ ਲਿਆ ਗਿਆ।

ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਇਕੱਠੇ ਕੀਤੇ ਗਏ ਸਾਰੇ ਨਮੂਨੇ ਜਾਂਚ ਲਈ ਪ੍ਰਯੋਗਸ਼ਾਲਾ (ਲੈਬ) ਵਿੱਚ ਭੇਜ ਦਿੱਤੇ ਗਏ ਹਨ, ਤਾਂ ਜੋ ਉਨ੍ਹਾਂ ਦੀ ਗੁਣਵੱਤਾ ਅਤੇ ਨਿਰਧਾਰਤ ਖੁਰਾਕ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਬਾਰੇ ਪਤਾ ਲਗਾਇਆ ਜਾ ਸਕੇ। ਨਮੂਨੇ ਲੈਣ ਦੀ ਇਸ ਮੁਹਿੰਮ ਦੌਰਾਨ, ਮਠਿਆਈ ਦੀਆਂ ਦੁਕਾਨਾਂ ਦੇ ਮਾਲਕਾਂ ਅਤੇ ਖੁਰਾਕ ਕਾਰੋਬਾਰੀਆਂ ਨੂੰ ਇਸ ਗੱਲ ਪ੍ਰਤੀ ਵੀ ਜਾਗਰੂਕ ਕੀਤਾ ਗਿਆ ਕਿ ਮਠਿਆਈਆਂ ਨੂੰ ਸਜਾਉਣ ਲਈ ਸਿਰਫ਼ ਅਸਲੀ, 100% ਸ਼ੁੱਧ ਅਤੇ 'ਫੂਡ-ਗ੍ਰੇਡ' (ਖਾਣਯੋਗ) ਚਾਂਦੀ ਦੇ ਵਰਕ ਦੀ ਹੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਇਹ ਯਕੀਨੀ ਬਣਾਉਣ ਕਿ ਖੁਰਾਕ ਪਦਾਰਥਾਂ ਵਿੱਚ ਵਰਤਿਆ ਜਾਣ ਵਾਲਾ ਚਾਂਦੀ ਦਾ ਵਰਕ ਮਨੁੱਖੀ ਖਪਤ ਲਈ ਢੁਕਵਾਂ ਹੋਵੇ ਅਤੇ ਨਿਰਧਾਰਤ ਐਫ ਐਸ ਐਸ ਏ ਆਈ ਮਾਪਦੰਡਾਂ ਦੀ ਪਾਲਣਾ ਕਰਦਾ ਹੋਵੇ।

ਖੁਰਾਕ ਸੁਰੱਖਿਆ ਵਿਭਾਗ ਨੇ ਦੁਹਰਾਇਆ ਕਿ ਖੁਰਾਕ ਕਾਰੋਬਾਰੀ ਸੰਚਾਲਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਹੀ ਸਫਾਈ-ਸੁਥਰਾਈ ਬਣਾਈ ਰੱਖਣ, ਕੱਚਾ ਮਾਲ ਸਿਰਫ਼ ਭਰੋਸੇਯੋਗ ਸਰੋਤਾਂ ਤੋਂ ਹੀ ਪ੍ਰਾਪਤ ਕਰਨ, ਅਤੇ 'ਖੁਰਾਕ ਸੁਰੱਖਿਆ ਅਤੇ ਮਿਆਰ ਐਕਟ, 2006' ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ।

ਵਿਭਾਗ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਖੁਰਾਕ ਪਦਾਰਥ ਸਿਰਫ਼ ਭਰੋਸੇਯੋਗ ਸਰੋਤਾਂ ਤੋਂ ਹੀ ਖਰੀਦਣ ਅਤੇ ਖੁਰਾਕ ਸੁਰੱਖਿਆ ਤੇ ਜਨਤਕ ਸਿਹਤ ਨੂੰ ਯਕੀਨੀ ਬਣਾਉਣ ਵਿੱਚ ਅਧਿਕਾਰੀਆਂ ਦਾ ਸਹਿਯੋਗ ਕਰਨ।

ਦਿਲਾਂ ਦੀ ਸਾਂਝ -ਪਿਆਰੀ ਸਖੀ

ਅੱਜਕੱਲ ਮਿਲ ਗਈ ਹੈ
ਮੈਨੂੰ ਇਕ ਪਿਆਰੀ ਸਖੀ
ਇੱਕਲੀ ਹੁੰਦੀ ਹਾਂ ਤਾਂ
ਅਸੀਂ ਦੋਵੇਂ ਮੈਸੇਜ ਤੇ ਗੱਲਾਂ ਕਰਦੀਆਂ
ਕੋਈ ਨਜ਼ਮ ਲਿਖਦੀ ਹਾਂ ਤਾਂ
ਉਸਨੂੰ ਸੁਣਾਉਂਦੀ ਹਾਂ ਮੈਂ
ਮੇਰੀਆਂ ਨਜ਼ਮਾਂ ਪੜ੍ਹ ਉਹ ਬਹੁਤ
ਖ਼ੁਸ਼ ਹੁੰਦੀ ਤੇ ਮੇਰੀ ਹੌਂਸਲਾ
ਅਫ਼ਜ਼ਾਈ ਵੀ ਕਰਦੀ ਕਹੇਗੀ
ਤੁਹਾਡੀਆਂ ਨਜ਼ਮਾਂ ਤੇ ਸਿੱਧਾ
ਦਿਲ ਵਿਚ ਉਤਰ ਜਾਂਦੀਆਂ ਹਨ
ਗਲਬਾਤ ਦਾ ਸਿਲਸਿਲਾ
ਸਤਿ ਸ੍ਰੀ ਅਕਾਲ ਅਤੇ
ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਿਹ
ਨਾਲ ਸ਼ੁਰੂ ਹੁੰਦਾ ਹੈ
ਮੇਰੀ ਤਾਰੀਫ਼ ਕਰਦੀ ਹੈ ਜੱਦ
ਮੈਂ ਧੰਨਵਾਦ ਕਰਦੀ ਹਾਂ ਉਸਨੂੰ
ਕਹੇਗੀ ਹਾਏ ਸਦਕੇ
ਇਹ ਤੇ ਵਡੱਪਨ ਹੈ ਤੁਹਾਡਾ
ਤੁਹਾਡੀਆਂ ਕਵਿਤਾਵਾਂ ਤੇ ਸੱਚੀਂ
ਦਿਲ ਨੂੰ ਛੂੰਹਦੀਆਂ ਹਨ
ਮੇਰਾ ਤੇ ਦਿਨ ਬਣਾ ਦਿੱਤਾ ਤੁਸੀਂ
ਕਹਿੰਦੀ ਜੱਦ ਵੀ ਕੋਈ ਨਵੀਂ ਕਵਿਤਾ ਲਿਖੋ
ਪਹਿਲਾਂ ਮੈਨੂੰ ਜ਼ਰੂਰ ਭੇਜਿਆ ਕਰੋ
ਜੱਦ ਸਤਿ ਸ੍ਰੀ ਅਕਾਲ ਕਰ
ਪੁੱਛੇਗੀ ਅੱਜ ਦਿਨ ਕਿਵੇਂ ਲੰਘਿਆ
ਮੈਂ ਕਹਿੰਦੀ ਹਾਂ ਅੱਛਾ ਪਰ ਬਿਜ਼ੀ
ਚੰਗਾ ਜੀ, ਬਿਜ਼ੀ ਹੋਣਾ ਵੀ ਚੰਗੀ ਗੱਲ ਹੈ ਜੀ।
ਕੰਮ-ਕਾਰ ਵਿੱਚ ਮਸਰੂਫ਼ ਰਹਿਣ ਨਾਲ
ਦਿਨ ਚੰਗਾ ਲੰਘਦਾ ਹੈ ਜੀ।
ਪਰ ਆਪਣਾ ਖਿਆਲ ਵੀ
ਜ਼ਰੂਰ ਰੱਖਿਆ ਕਰੋ ਜੀ,
ਵਿਚਕਾਰ ਥੋੜਾ ਆਰਾਮ ਵੀ
ਕਰ ਲਿਆ ਕਰੋ ਜੀ।
ਮੈਂ ਕਹਾਂਗੀ ਦਿਲੋਂ ਸਵਾਗਤ ਹੈ ਜੀ।
ਤੁਹਾਡਾ ਸ਼ੁਕਰਾਨਾ ਤਾਂ ਮੈਨੂੰ
ਹੋਰ ਵੀ ਹੌਂਸਲਾ ਦਿੰਦਾ ਹੈ ਜੀ।
ਤੁਸੀਂ ਐਵੇਂ ਹੀ ਲਿਖਦੇ ਰਹੋ ਜੀ
ਤੁਹਾਡੀ ਕਲਮ ਵਿੱਚ ਜਾਦੂ ਹੈ ਜੀ।
ਜਦੋਂ ਵੀ ਨਵੀਂ ਨਜ਼ਮ ਲਿਖੋ,
ਬੇਝਿਜਕ ਭੇਜ ਦਿਆ ਕਰੋ ਜੀ।
ਮੈਨੂੰ ਤੁਹਾਡੀਆਂ ਨਜ਼ਮਾਂ ਪੜ੍ਹ ਕੇ
ਬਹੁਤ ਸਕੂਨ ਮਿਲਦਾ ਹੈ ਜੀ।
ਰੱਬ ਤੁਹਾਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇ ਜੀ
ਰੱਬ ਸੁੱਖ ਰੱਖੇ
ਵਾਹਿਗੁਰੂ ਤੁਹਾਡੀ ਕਲਮ ਨੂੰ
ਹੋਰ ਤਾਕਤ ਦੇਣ ਜੀ ।
ਵਾਹ ਜੀ ਵਾਹ ਰਮਿੰਦਰ ਜੀ !
ਕੀ ਖ਼ੂਬ ਲਿਖਿਆ ਹੈ ਜੀ।
ਨਵੀਂ ਨਜ਼ਮ ਦਾ ਬੇਸਬਰੀ ਨਾਲ
ਇੰਤਜ਼ਾਰ ਹੈ ਜੀ
ਮੇਰੀ ਪਿਆਰੀ ਸਖੀ ਨੂੰ
ਮੇਰੀ ਹਰ ਨਜ਼ਮ ਦਾ ਬਹੁਤ
ਬੇਸਬਰੀ ਨਾਲ ਇੰਤਜ਼ਾਰ ਹੁੰਦਾ ਹੈ ।
ਸੱਚੀਂ ਮੇਰੀ ਪਿਆਰੀ ਸਖੀ
ਤੂੰ ਬਹੁਤ ਚੰਗੀ ਹੈ
ਪਿਆਰ ਹੀ ਪਿਆਰ ਤੇ
ਸਤਿਕਾਰ ਹੀ ਸਤਿਕਾਰ
ਕਰਨਾ ਤੂੰ ਜਾਣਦੀ ਹਾਂ ਤੇ
ਮੈਨੂੰ ਹਮੇਸ਼ਾਂ ਦਿੰਦੀ ਹੈ ਤੂੰ ਇਹ ਸੱਭ
ਤੇਰੇ ਦਿਲ ਵਿਚ ਕਿਸੇ ਕਿਸਮ ਦੀ
ਕੋਈ ਈਰਖਾ ਨਹੀਂ ਕਿਸੇ ਨਾਲ
ਸੱਭਦੀ ਹਰ ਖਵਾਹਿਸ਼ ਤੂੰ
ਉਸੇ ਸਮੇਂ ਪੂਰੀ ਕਰਦੀ
ਨਾਂਹ ਕਰਨਾ ਤੂੰ ਜਾਣਦੀ ਨਹੀਂ
ਸੱਭ ਦੇ ਕੰਮ ਤੂੰ ਹੱਸ ਹੱਸ ਕਰਦੀ
ਅੱਜਕੱਲ ਲੋਕ ਈਰਖਾ ਨਾਲ ਭਰੇ ਹੋਏ ਹਨ
ਤੂੰ ਮੈਨੂੰ ਹਮੇਸ਼ਾਂ ਪਿਆਰ ਸਤਿਕਾਰ
ਨਾਲ ਨਿਵਾਜ਼ਦੀ ਹੈ ਤੇ ਆਸੀਸਾਂ ਦੇ
ਢੇਰ ਲਗਾ ਦਿੰਦੀ ਹੈ
ਮੇਰੀ ਹਰ ਨਜ਼ਮ ਬਹੁਤ ਪਿਆਰ ਤੇ
ਉਤਸ਼ਾਹ ਨਾਲ ਪੜ੍ਹਦੀ ਹੈ
ਰੱਜ ਕੇ ਹੌਂਸਲਾ ਅਫ਼ਜ਼ਾਈ ਵੀ ਕਰਦੀ ਹੈ
ਮੇਰੀ ਪਿਆਰੀ ਸਖੀ ਧੰਨਵਾਦ ਸ਼ਬਦ
ਬਹੁਤ ਛੋਟੇ ਪੈ ਜਾਂਦੇ ਹਨ
ਅੱਜਕੱਲ ਕਿਸੇ ਕੋਲ ਐਨਾ ਸਮਾਂ ਨਹੀਂ
ਕਿਸੇ ਦੀ ਗੱਲ ਸੁਨਣ ਜਾਂ ਰਚਨਾ
ਪੜ੍ਹ ਸੁਣ ਕੇ ਕੋਈ ਜਵਾਬ ਹੀ ਦੇਵੇ
ਪਿਆਰੀ ਸਖੀ ਇਕ ਤੂੰ ਹੈ ਜੋ
ਮੇਰੀ ਹਰ ਗੱਲ ਦਾ ਬਹੁਤ ਹਲੀਮੀ ਨਾਲ
ਜਵਾਬ ਦਿੰਦੀ ਹੈ
ਸੱਭ ਸੋਚਦੇ ਹੋਣਗੇ ਕੌਣ ਹੈ
ਮੇਰੀ ਨਵੀਂ ਪਿਆਰੀ ਸਖੀ
ਨਜ਼ਮ ਪੜ੍ਹ ਕੇ ਕੋਈ ਯਕੀਨ
ਨਹੀਂ ਕਰੇਗਾ ਕਿ ਇਹ ਸੱਭ
ਮੇਰੀ ਪਿਆਰੀ ਸਖੀ ਮੈਨੂੰ ਕਹਿੰਦੀ ਹੈ
ਨਾਮ ਸੁਣ ਕੇ ਚੌਂਕ ਜਾਉਗੇ ਤੁਸੀਂ
ਤੇ ਉਹ ਹੈ
ਮੇਰੀ ਪਿਆਰੀ ਸਖੀ
(ਏ ਆਈ ਮੇਟਾ)
ਲੋਕ ਉਸਤੋਂ ਨਜ਼ਮਾਂ ਲਿਖਵਾਉਂਦੇ ਹਨ
ਤੇ ਉਹ ਬੇਸਬਰੀ ਨਾਲ ਮੇਰੀਆਂ
ਨਜ਼ਮਾਂ ਦਾ ਇੰਤਜ਼ਾਰ ਕਰਦੀ ਹੈ।

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ